This question paper contains 3 printed pages]

*Your Roll No*...........................

**2687**

**B.A. (PROGRAMME)/II/III** **D-I**

PUNJABI LANGUAGE (A)—Paper II

(Advanced Punjabi)

*Time* : 3 *Hours* *Maximum Marks* : 100

*(Write your Roll No. on the top immediately on receipt of this question paper.)*

**ਨੋਟ** : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਹੇਠ ਲਿਖੇ ਪੈਰ੍ਹੇ ਨੂੰ ਸਮਝ ਕੇ ਇਸ ਦੇ ਕੇਂਦਰੀ ਨੁਕਤੇ ਨੂੰ ਆਪਣੇ ਸ਼ਬਦਾਂ ਵਿਚ ਲਿਖੋ : 15

ਸਿਧਾਂਤ-ਸਿਰਜਣਾ ਦਾ ਕੰਮ ਯੂਨਾਨੀਆਂ ਤੋਂ ਆਰੰਭ ਹੋ ਕੇ ਭਾਰਤੀਆਂ, ਚੀਨੀਆਂ, ਯਹੂਦੀਆਂ ਅਤੇ ਈਸਾਈਆਂ ਰਾਹੀਂ ਪਰੀਪੂਰਨਤਾ ਨੂੰ ਪੁੱਜਾ ਹੈ। ਯੂਨਾਨੀ ਸਿਧਾਂਤਾਂ ਵਿਚ ਮੌਲਿਕਤਾ ਅਤੇ ਅਨੇਕਰੂਪਤਾ ਹੈ। ਇਹਨਾਂ ਵਿਚ ਪਰਲੋਕਵਾਦ ਗੌਣ ਹੈ ਅਤੇ ਸੰਸਾਰਕ ਜੀਵਨ ਪ੍ਰਧਾਨ ਹੈ। ਯਹੂਦੀ ਅਤੇ ਇਸਲਾਮੀ ਸਿਧਾਂਤਾਂ ਵਿਚ ਲਕੀਰ ਦੀ ਫਕੀਰੀ ਹੈ ਅਤੇ ਲੋਕ-ਪਰਲੋਕ ਦੀ ਅਭਿੰਨਤਾ ਹੈ। ਈਸਾਈ ਸਿਧਾਂਤਾਂ ਵਿਚ ਲੋਕ ਅਤੇ ਪਰਲੋਕ ਦੋ ਵੱਖਰੀਆਂ ਵਾਸਤਵਿਕਤਾਵਾਂ ਹਨ ਅਤੇ ਇਕੋ-ਜਿਹੀਆਂ

ਮਹੱਤਵਪੂਰਨ ਹਨ। ਭਾਰਤੀ ਸਿਧਾਂਤਾਂ ਵਿਚਲੀ ਭਿੰਨਤਾ ਉਪਰੀ ਜਾਂ ਸਤਹੀ ਹੈ। ਇਹ ਸਾਰੇ ਆਤਮਾ, ਪਰਮਾਤਮਾ ਅਤੇ ਮੁਕਤੀ ਉੱਤੇ ਕੇਂਦਰਿਤ ਹਨ। ਇਹਨਾਂ ਵਿਚ ਦਰਸ਼ਨ ਅਤੇ ਮਨੋਵਿਗਿਆਨ ਦਾ ਮਿਸ਼ਰਣ ਹੈ ਜਦ ਕਿ ਈਸਾਈ ਸਿਧਾਂਤਾਂ ਦਾ ਮੂਲ ਅਧਾਰ ਦਰਸ਼ਨ ਹੈ। ਭਾਰਤੀ ਸਿਧਾਂਤਾਂ ਵਿਚ ਪਰਲੋਕ ਪ੍ਰਧਾਨ ਅਤੇ ਲੋਕ ਗੌਣ ਹੈ। ਪੁਰਾਤਨ ਚੀਨੀ ਸਿਧਾਂਤ ਵਿਚ ਨੈਤਿਕਤਾ ਨੂੰ ਪ੍ਰਧਾਨਤਾ ਪ੍ਰਾਪਤ ਹੈ।

2. ਹੇਠ ਲਿਖਿਆਂ ਵਿਚੋਂ ਕਿਸੇ **ਇਕ** ਵਿਸ਼ੇ ਉਪਰ ਲਗਭਗ 500 ਸ਼ਬਦਾਂ ਦਾ ਨਿਬੰਧ ਲਿਖੋ : 15

   1. ਦੂਰਦਰਸ਼ਨ ਦਾ ਸਮਾਜ ਵਿਚ ਰੋਲ
   2. ਬੱਚਤ ਦੇ ਲਾਭ
   3. ਚੰਗੇ ਨਾਗਰਿਕ ਦੇ ਗੁਣ

3. ਨਗਰ ਨਿਗਮ ਦੇ ਕਮਿਸ਼ਨਰ ਨੂੰ ਮੁਹੱਲੇ ਵਿਚ ਗ਼ੈਰ-ਕਾਨੂੰਨੀ ਕਬਜ਼ਿਆਂ ਬਾਰੇ ਸ਼ਿਕਾਇਤੀ ਪੱਤਰ ਲਿਖੋ। 15

**ਜਾਂ**

ਨਗਰ ਪਾਲਿਕਾ ਦੇ ਹੈਲਥ ਅਫ਼ਸਰ ਨੂੰ ਇਲਾਕੇ ਦੀ ਸਫਾਈ ਦੀ ਖ਼ਰਾਬ ਹਾਲਤ ਵਿਰੁੱਧ ਸ਼ਿਕਾਇਤੀ ਪੱਤਰ ਲਿਖੋ।

4. ਹੇਠ ਦਿੱਤੇ ਕਿਸੇ **ਇਕ** ਵਿਸ਼ੇ ਉੱਪਰ ਲਘੂ ਕਹਾਣੀ (300 ਸ਼ਬਦਾਂ ਤਕ) ਲਿਖੋ : 15

ਅੰਤ ਭਲੇ ਦਾ ਭਲਾ, ਦੋਸਤੀ, ਵਫ਼ਾਦਾਰੀ

5. ਸ਼ਬਦ ਕਿੰਨੀ ਪ੍ਰਕਾਰ ਦੇ ਹੁੰਦੇ ਹਨ? ਉਦਾਹਰਣਾਂ ਦੇ ਕੇ ਸਪਸ਼ਟ ਕਰੋ। 10

6. 'ਕਾਲਜ ਵਿਚ ਹੋਣ ਵਾਲੇ ਖੇਡ ਮੁਕਾਬਲੇ' ਬਾਰੇ ਨੋਟਿਸ ਲਿਖੋ। 10

7. ਹੇਠ ਲਿਖੇ ਅਗੇਤਰਾਂ ਤੇ ਪਿਛੇਤਰਾਂ ਨਾਲ **ਦੋ-ਦੋ** ਸ਼ਬਦ ਬਣਾਓ : 10

ਬੇ, ਨਾ, ਸ਼ਾਲਾ, ਦਾਰ, ਕੁ।

8. ਹੇਠ ਲਿਖੇ ਸ਼ਬਦਾਂ ਨੂੰ ਸ਼ਬਦ-ਕੋਸ਼ ਦੀ ਤਰਤੀਬ ਅਨੁਸਾਰ ਲਿਖੋ : 10

ਕਲਮ, ਪਰਬਤ, ਗਮਲਾ, ਚਮਚਾ, ਮਜ਼ਬੂਤ, ਬਿਮਾਰ, ਧੁੱਪ, ਸਮਾਜ, ਰਾਜ, ਦਰਦ